# ਪੁਰਖ ਭਗਵੰਤ

(ਜੀਵਨੀ ਗੁਰੂ ਗੋਬਿੰਦ ਸਿੰਘ ਜੀ)

ਸਤਿਬੀਰ ਸਿੰਘ

**ਨਿਊ ਬੁੱਕ ਕੰਪਨੀ**

ਮਾਈ ਹੀਰਾਂ ਗੇਟ, ਜਲੰਧਰ।

**Purakh Bhagwant**
(Biography of Guru Gobind Singh Ji)
*by* SATBIR SINGH

Published by :
New Book Co., Mai Hiran Gate, Jalandhar. Ph : 2280045, 3093190, 2284325

ਪਹਿਲੀ ਵਾਰ : 1973, ਦੂਜੀ ਵਾਰ : 1980, ਤੀਜੀ ਵਾਰ : 1983, ਚੌਥੀ ਵਾਰ : 1988,
ਪੰਜਵੀਂ ਵਾਰ : 1992, ਛੇਵੀਂ ਵਾਰ : 1994, ਸਤਵੀਂ ਵਾਰ : 1999, ਅੱਠਵੀਂ ਵਾਰ : 2004

ਮੁੱਲ : **85** ਰੁਪਏ

ਪ੍ਰਕਾਸ਼ਕ : ਮਹਿਤਾਬ ਸਿੰਘ
ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
Ph : 2280045, 3093190, 2284325
Fax : 0181-2234081
E-mail : newbookco@hotmail.com

ਛਾਪਕ : ਸਹਿਗਲ ਪ੍ਰਿੰਟਰਜ਼, ਦੁਆਬਾ ਚੌਕ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ ਸ਼ਹਿਰ।

# ਆਪਨੇ ਵਲੋਂ

ਹਿੰਦੁਸਤਾਨ ਦੇ ਰਹਿ ਚੁੱਕੇ ਰਾਸ਼ਟਰਪਤੀ ਡਾਕਟਰ ਜ਼ਾਕਰ ਹੁਸੈਨ ਦੀ ਇਕ ਵਾਰਤਾ ਡਾਕਟਰ ਮਜੀਬ ਨੇ ਲਿਖੀ ਹੈ ਜੋ ਉਨ੍ਹਾਂ ਨੇ ਆਪੂੰ ਮਜੀਬ ਸਾਹਿਬ ਨੂੰ ਸੁਣਾਈ ਸੀ। ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਇਕ ਤਕਰੀਰ ਜੋ ਡਾਕਟਰ ਜ਼ਾਕਰ ਹੁਸੈਨ ਨੇ ਪੰਜਾਬੀ ਯੂਨੀਵਰਸਿਟੀ ਵਿਖੇ ਕਰਨੀ ਸੀ, ਲਿੱਖ ਰਹੇ ਸਨ ਕਿ ਉਨ੍ਹਾਂ ਡਿੱਠਾ ਕਿ ਲਿਖੇ ਕਾਗ਼ਜ਼ਾਂ 'ਤੇ ਪਾਣੀ ਦੇ ਕੁਝ ਤੁਪਕੇ ਡਿੱਗੇ ਹੋਏ ਹਨ। ਰਾਸ਼ਟਰਪਤੀ ਭਵਨ ਵਿਚ ਉਨ੍ਹਾਂ ਸੱਜੇ ਖੱਬੇ ਉੱਤੇ ਹੇਠਾਂ ਦੇਖਿਆ ਕਿ ਕਿਥੋਂ ਪਾਣੀ ਗਿਰਿਆ ਹੈ ਪਰ ਕਿਧਰੋਂ ਪਾਣੀ ਚੋਂਦਾ ਡਿੱਗਾ ਨਜ਼ਰੀਂ ਨਾ ਆਇਆ। ਜਦ ਉਨ੍ਹਾਂ ਐਨਕ ਉਤਾਰ ਕੇ ਦੇਖਿਆ ਤਾਂ ਅੱਖਾਂ ਵਿਚੋਂ ਹੰਝੂ ਵਹਿ-ਵਹਿ ਕਾਗ਼ਜ਼ 'ਤੇ ਡਿੱਗੇ ਸਨ।

ਇਤਨਾ ਹੁਲਾਸ ਤੇ ਕਰੁਣਾ-ਮਈ ਜੀਵਨ ਹੈ ਗੁਰੂ ਗੋਬਿੰਦ ਸਿੰਘ ਜੀ ਦਾ ਕਿ ਹਰ ਇਕ ਹਿਰਦਾ ਹਿਲਾ ਦੇਂਦਾ ਹੈ। ਸੱਚੀ ਗੱਲ ਇਹ ਹੈ ਕਿ ਆਪੂੰ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਨਾ ਕੀਤਾ ਹੁੰਦਾ ਕਿ ਉਨ੍ਹਾਂ ਨੂੰ ਕੋਈ ਪ੍ਰਮੇਸ਼ਰ ਨਾ ਆਖੇ ਤਾਂ ਇਹ ਮੰਨਣਾ ਮੁਸ਼ਕਲ ਹੋ ਜਾਣਾ ਸੀ ਕਿ ਇਨਸਾਨੀ ਜਾਮੇ ਵਿਚ ਕੋਈ ਅਜਿਹੀ ਸ਼ਖ਼ਸੀਅਤ ਵੀ ਹੋ ਸਕਦੀ ਹੈ। ਮੁਕਾਬਲਤਨ ਇਤਨੀ ਥੋੜ੍ਹੀ ਆਯੂ ਵਿਚ ਇਤਨੇ ਵੱਡੇ ਕਾਰਨਾਮੇ ਕਰ ਜਾਣੇ ਕਰਾਮਾਤ ਤੋਂ ਘੱਟ ਨਹੀਂ। ੩੩ ਸਾਲ ਦੀ ਉਮਰ ਵਿਚ ਅਕਾਲ ਪੁਰਖ ਵਲੋਂ ਸੌਂਪਿਆ ਕਾਰਜ, ਖ਼ਾਲਸਾ ਸਾਜ ਕੇ ਦਸਮੇਸ਼ ਪਿਤਾ ਮੌਤ ਨੂੰ ਵੰਗਾਰਨ ਲੱਗ ਪਏ ਸਨ।

ਹਜ਼ੂਰੀ ਕਵੀ ਅੰਮ੍ਰਿਤ ਰਾਇ ਨੇ ਠੀਕ ਲਿਖਿਆ ਹੈ ਕਿ ਕਿਸੇ ਦੀ ਕਵਿਤਾ ਵਿਚੋਂ ਨੌਂ ਰਸ ਮੁਸ਼ਕਿਲ ਨਾਲ ਲੱਭਦੇ ਹਨ ਪਰ ਗੁਰੂ ਗੋਬਿੰਦ ਸਿੰਘ ਜੀ ਐਸੇ ਹਨ ਜਿਨ੍ਹਾਂ ਦੀ ਸ਼ਖ਼ਸੀਅਤ ਵਿਚੋਂ ਨੌਂ ਰਸ ਝਿਮ-ਝਿਮ ਵਰ੍ਹ ਰਹੇ ਹਨ। ਇਕ ਸ਼ਾਂਤ ਰਸ ਹੀ ਦੇਖੋ ਜੋ ਉਨ੍ਹਾਂ ਦੀ ਸ਼ਖ਼ਸੀਅਤ ਦਾ ਅਨਿੱਖੜਵਾਂ ਅੰਗ ਰਿਹਾ। ਨੌਂ ਸਾਲ ਦੇ ਸਨ ਕਿ ਪਿਤਾ ਗੁਰੂ ਤੇਗ ਬਹਾਦਰ ਦਾ ਕੱਟਿਆ ਸੀਸ ਭਾਈ ਜੈਤਾ ਜੀ ਨੇ ਜਦ ਦਿੱਲੀ ਤੋਂ ਜਾਨ 'ਤੇ ਖੇਡ ਅਤੇ ਜਫ਼ਰ ਜਾਲ ਅਨੰਦਪੁਰ ਲਿਆ ਰੱਖਿਆ ਤਾਂ ਆਪ ਅਡੋਲ ਰਹੇ। ਫਿਰ ਪਿਤਾ ਦੇ ਰੂਪ ਵਿਚ ਆਪਣੇ ਸਾਹਮਣੇ, ਚਮਕੌਰ ਦੀ ਗੜ੍ਹੀ ਪੁੱਤਰ ਸ਼ਹੀਦ ਹੁੰਦੇ ਦੇਖ ਸ਼ਾਂਤ ਰਹੇ ਤੇ ਅਕਾਲ ਪੁਰਖ ਦਾ ਸ਼ੁਕਰ ਮਨਾਇਆ ਅਤੇ ਅੰਤ ਸਮੇਂ ਜਦ ਆਪਣੇ 'ਤੇ ਹੀ ਪਠਾਣ ਨੇ ਵਾਰ ਕੀਤਾ ਤਾਂ ਅਹਿਲ, ਸਗੋਂ ਗੁਰੂ ਜੀ ਦੇ ਵਾਰ ਨਾਲ ਡਿੱਗਦੇ ਜਦ ਜਮਸ਼ੈਦ ਖ਼ਾਨ ਨੇ 'ਹਾਇ ਅੰਮਾ' ਕਿਹਾ ਤਾਂ ਆਪ ਜੀ ਨੇ ਉਸੇ ਸ਼ਾਂਤ ਰਸ ਵਿਚ ਫ਼ਰਮਾਇਆ : 'ਕਿਆ ਯਿਹ ਅੰਮਾ ਕਹਿਨੇ ਕਾ ਵਕਤ ਹੈ, ਅਲਾਹ ਕਹੋ! ਅਲਾਹ!'

ਸੋ ਇਹ ਨਿਮਾਣਾ ਜਿਹਾ ਜਤਨ ਕੀਤਾ ਹੈ ਗੁਰੂ ਸ਼ਖ਼ਸੀਅਤ ਨੂੰ ਇਸ ਪੱਖੋਂ ਦੇਖਣ ਦਾ। ਪੁਸਤਕ ਦਾ ਨਾਂ 'ਪੁਰਖ ਭਗਵੰਤ' ਰੱਖਿਆ ਹੈ ਕਿਉਂਕਿ ਮੇਰੀ ਜਾਚੇ ਐਸੇ ਕਾਰਨਾਮੇ ਕੋਈ ਰੱਬੀ ਸ਼ਖ਼ਸੀਅਤ ਹੀ ਕਰ ਸਕਦੀ ਹੈ। ਭਾਈ ਗੁਰਦਾਸ ਜੀ ਦੂਜੇ ਨੇ ਆਪਣੀ ਵਾਰ ਪਾਤਸ਼ਾਹੀ